# ਪਾਕਿਸਤਾਨੀ ਪੰਜਾਬੀ ਨਾਵਲ ਦਾ ਆਲੋਚਨਾਤਮਿਕ ਅਧਿਐਨ

**ਡਾ. ਹੰਸਪ੍ਰੀਤ ਕੌਰ**

ਪਾਕਿਸਤਾਨੀ ਪੰਜਾਬੀ ਨਾਵਲ ਨੂੰ ਅਸੀਂ ਸਮੁੱਚੇ ਪੰਜਾਬੀ ਸਾਹਿਤ ਦੀ ਵਿਰਾਸਤ ਦਾ ਅੰਗ ਮੰਨ ਸਕਦੇ ਹਾਂ। ਪਾਕਿਸਤਾਨੀ ਪੰਜਾਬੀ ਨਾਵਲਕਾਰਾਂ ਦੁਆਰਾ ਰਚੇ ਗਏ ਨਾਵਲ ਪੰਜਾਬੀ ਨਾਵਲ ਦੀ ਵਿਧਾ ਨੂੰ ਪ੍ਰਫੁਲਿੱਤ ਕਰਦੇ ਹਨ। ਇਨ੍ਹਾਂ ਨਾਵਲਕਾਰਾਂ ਨੇ ਪੰਜਾਬੀ ਨਾਵਲ ਨੂੰ ਪ੍ਰਯੋਗਸ਼ੀਲਤਾ ਦੇ ਨਵੇਂ ਸੰਦਰਭ ਵੀ ਪ੍ਰਦਾਨ ਕੀਤੇ ਹਨ ਅਤੇ ਪਰੰਪਰਕ ਨਾਵਲ ਦੀ ਵਿਧਾ ਨਾਲ ਵੀ ਆਪਣਾ ਸਰੋਕਾਰ ਜੋੜੀ ਰੱਖਿਆ ਹੈ।

ਪਾਕਿਸਤਾਨੀ ਪੰਜਾਬੀ ਗਲਪ (ਨਾਵਲ) ਸਾਹਿਤ ਨੇ ਸਮਾਜੀ ਅਤੇ ਸਿਆਸੀ ਹਾਲਤਾਂ ਦੇ ਬਦਲਣ ਦੇ ਨਾਲ-ਨਾਲ ਆਪਣਾ ਨਵੇਂ ਤੋਂ ਨਵਾਂ ਰੂਪ ਵਟਾਇਆ ਹੈ। ਦੁਨੀਆਂ ਦੇ ਦੂਜੇ ਸਾਹਿਤ ਵਾਂਗ ਪੰਜਾਬੀ ਸਾਹਿਤ ਵੀ ਵੱਖੋਂ ਵੱਖ ਸਿਆਸੀ ਤੇ ਸਮਾਜੀ ਲਹਿਰਾਂ ਦੀ ਔਖੀ ਰਾਹ ਤੋਂ ਲੰਘਿਆ ਹੈ। ਸਮਾਜੀ ਤਬਦੀਲੀਆਂ ਅਤੇ ਨਿੱਤ ਬਦਲਦੇ ਰਵੱਈਏ ਨੇ ਜਿੱਥੇ ਪੰਜਾਬੀ ਸਮਾਜ ਉਤੇ ਆਪਣਾ ਡੂੰਘਾ ਅਸਰ ਪਾਇਆ ਹੈ, ਉਥੇ ਗਲਪ ਸਾਹਿਤ ਉਤੇ ਵੀ ਵਧੇਰੇ ਨਵੇਂ-ਨਵੇਂ ਰੰਗ ਚੜ੍ਹੇ ਹਨ।[1]

ਹੁਣ ਤੱਕ ਮਿਲਦੇ ਨਾਵਲਾਂ ਵਿਚੋਂ ਅਬਦੁਲ ਮਜ਼ੀਦ ਭੱਟੀ ਦੁਆਰਾ ਲਿਖਿਆ ਨਾਵਲ 'ਠੇਡਾ' ਨੂੰ ਪਾਕਿਸਤਾਨੀ ਪੰਜਾਬੀ ਨਾਵਲ ਦੇ ਇਤਿਹਾਸ ਦਾ ਪਹਿਲਾ ਮੌਲਿਕ ਨਾਵਲ ਮੰਨਿਆ ਜਾ ਸਕਦਾ ਹੈ, ਜਿਹੜਾ 1960 ਵਿੱਚ ਪ੍ਰਕਾਸ਼ਿਤ ਹੋਇਆ। ਇਸ ਤੋਂ ਅਗਲੇ ਵਰ੍ਹੇ 1961 ਵਿੱਚ ਅਫ਼ਜਲ ਅਹਿਸਨ ਰੰਧਾਵਾ ਦਾ ਨਾਵਲ 'ਦੀਵਾ ਤੇ ਦਰਿਆ' ਛਪਿਆ। ਇਨ੍ਹਾਂ ਦੋਹਾਂ ਨਾਵਲਾਂ ਤੋਂ ਪਿੱਛੋਂ 1969 ਵਿੱਚ ਸਲੀਮ ਖਾਂ ਗਿੱਮੀ ਦਾ ਨਾਵਲ 'ਸਾਂਝ' ਪ੍ਰਕਾਸ਼ਿਤ ਹੋਇਆ। ਇਸ ਤਰ੍ਹਾਂ 1947 ਤੋਂ ਲੈ ਕੇ 1970 ਤੱਕ 23 ਸਾਲਾਂ ਦੇ ਸਮੇਂ ਦੌਰਾਨ ਕੇਵਲ ਤਿੰਨ ਨਾਵਲਾਂ ਦੇ ਛਪਣ ਬਾਰੇ ਜਾਣਕਾਰੀ ਮਿਲੀ ਹੈ, ਜੋ ਕਿਸੇ ਵੀ ਤਰ੍ਹਾਂ ਤਸੱਲੀਬਖਸ਼ ਨਹੀਂ ਕਹੀ ਜਾ ਸਕਦੀ।[2] ਬਾਕੀ ਸਾਹਿਤ ਰੂਪਾਂ ਦੇ ਮੁਕਾਬਲੇ ਹੁਣ ਤੱਕ ਪਾਕਿਸਤਾਨੀ ਪੰਜਾਬੀ ਸਾਹਿਤ ਵਿੱਚ ਕਵਿਤਾ ਦੇ ਖੇਤਰ ਵੱਲ ਸਾਹਿਤਕਾਰਾਂ ਦਾ ਰੁਝਾਨ ਵਧ ਰਿਹਾ ਹੈ। ਪਾਕਿਸਤਾਨ ਦੇ ਜ਼ਿਆਦਾਤਰ ਸਾਹਿਤਕਾਰ ਉਰਦੂ ਰਾਹੀਂ ਪੰਜਾਬੀ ਵਿੱਚ ਆਏ ਹਨ। ਫਿਰ ਹੌਲੀ-ਹੌਲੀ ਪਾਕਿਸਤਾਨੀ ਸਾਹਿਤਕਾਰਾਂ ਦਾ ਝੁਕਾਅ ਪੰਜਾਬੀ ਵੱਲ ਵਧਦਾ ਗਿਆ ਅਤੇ ਅਗਲੇ ਦਹਾਕਿਆਂ ਵਿੱਚ ਨਾਵਲ ਰਚਨਾ ਵੱਲ ਵੀ ਰੁਝਾਨ ਵਧ ਰਿਹਾ ਹੈ।ਇੱਥੇ ਗੁਰਮੁੱਖੀ ਲਿੱਪੀ ਵਿੱਚ ਪ੍ਰਕਾਸ਼ਤ ਪਾਕਿਸਤਾਨੀ ਪੰਜਾਬੀ ਨਾਵਲਾਂ ਬਾਰੇ ਸੰਖੇਪ ਚਰਚਾ ਕਰਨੀ ਯੋਗ ਹੋਵੇਗੀ। ਮੁਸਤਨਸਰ ਹੁਸੈਨ ਤਾਰੜ (ਪਖੇਰੂ), ਫਖ਼ਰ ਜ਼ਮਾਨ ਦਾ (ਸੱਤ ਗਵਾਚੇ ਲੋਕ, ਇੱਕ ਮਰੇ ਬੰਦੇ ਦੀ ਕਹਾਣੀ, ਬੰਦੀਵਾਨ, ਬੇਵਤਨਾ, ਕਮਜ਼ਾਤ, ਤੂੰ ਕਿ ਮੈਂ), ਅਫ਼ਜ਼ਲ ਅਹਿਸਨ ਰੰਧਾਵਾ (ਦੀਵਾ ਤੇ ਦਰਿਆ, ਦੁਆਬਾ, ਸੂਰਜ ਗ੍ਰਹਿਣ ਤੇ ਪੰਧ), ਰਜ਼ੀਆ ਨੂਰ ਮੁਹੰਮਦ (ਬਲਦੇ ਦੀਵੇ), ਅਹਿਸਾਨ ਬਟਾਲਵੀ (ਕਹਾਣੀ ਇੱਕ ਇੱਜੜ ਦੀ), ਕਹਿਕਸ਼ਾਂ ਮਲਿਕ (ਚਿੱਕੜ ਰੰਗੀ ਮੂਰਤੀ), ਫਰਜ਼ੰਦ ਅਲੀ (ਭੁੱਬਲ), ਆਫਿਸ਼ ਸਾਹਕਾਰ (ਸ਼ੋਅ ਬਿਜ਼ਨਸ), ਅਹਿਮਦ ਸਲੀਮ (ਤਿਤਲੀਆਂ ਅਤੇ ਟੈਂਕ), ਮੀਰ ਤਨਹਾ ਯੂਸਫ਼ੀ (ਇੱਕ ਸਮੁੰਦਰ ਪਾਰ) ਆਦਿ ਨਾਵਲਕਾਰਾਂ ਦਾ ਪਾਕਿਸਤਾਨੀ ਪੰਜਾਬੀ ਨਾਵਲ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਹੈ। ਇਨ੍ਹਾਂ ਨਾਵਲਕਾਰਾਂ ਨੇ ਪੰਜਾਬੀ ਜ਼ੁਬਾਨ, ਪੰਜਾਬੀ ਰਹਿਮਤ ਦੀ ਅਹਿਮੀਅਤ ਨੂੰ ਸਮਝਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਹੈ।

ਫਖ਼ਰ ਜ਼ਮਾਨ ਪਾਕਿਸਤਾਨ ਦਾ ਜਾਣਿਆ ਪਛਾਣਿਆ ਸਾਹਿਤਕਾਰ ਹੈ। ਉਸ ਨੇ ਨਾਵਲ ਤੋਂ ਇਲਾਵਾ ਕਵਿਤਾ, ਨਾਟਕ ਅਤੇ ਕਹਾਣੀ ਆਦਿ ਲੱਗਭਗ ਸਾਰੇ ਸਾਹਿਤ-ਰੂਪਾਂ ਵਿੱਚ ਕਲਮ ਅਜ਼ਮਾਈ ਕੀਤੀ ਹੈ। ਪੰਜਾਬੀ ਤੋਂ ਇਲਾਵਾ ਉਸਨੇ ਉਰਦੂ ਵਿੱਚ ਵੀ ਲਿਖਿਆ। ਉਸਦੀ ਸਾਹਿਤ ਪ੍ਰਤੀ ਪਹੁੰਚ ਪਰੰਪਰਾਗਤ ਅਤੇ ਸੀਮਤ ਨਾ ਹੋ ਕੇ ਵਿਆਪਕ ਅਤੇ ਸੁਤੰਤਰ ਹੈ। ਉਸਦਾ ਦ੍ਰਿਸ਼ਟੀਕੋਣ ਅੰਤਰਰਾਸ਼ਟਰੀ ਹੋਣ ਕਰਕੇ ਉਹ ਆਪਣੀ ਰਚਨਾ ਵਿੱਚ ਕਿਸੇ ਇੱਕ ਕੌਮ ਜਾਂ ਰਾਸ਼ਟਰ ਤੱਕ ਸੀਮਤ ਨਹੀਂ ਰਹਿੰਦਾ ਸਗੋਂ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿੱਚ ਸਮੇਟ ਲੈਂਦਾ ਹੈ। ਉਹ ਅੰਤਰਰਾਸ਼ਟਰੀ ਭਾਈਚਾਰੇ, ਖੁੱਲ੍ਹੇ ਮਾਨਵੀ ਆਦਾਨ-ਪ੍ਰਦਾਨ ਅਤੇ ਆਜ਼ਾਦ ਇਨਸਾਨ ਦਾ ਹਮਾਇਤੀ ਹੈ। ਫ਼ਖ਼ਰ ਜ਼ਮਾਨ ਦੀ ਰਚਨਾ ਨਾਲ ਪਾਕਿਸਤਾਨੀ ਪੰਜਾਬੀ ਨਾਵਲ ਦੇ ਖ਼ੇਤਰ ਵਿੱਚ ਨਵੀਨਤਾ ਅਤੇ ਆਧੁਨਿਕਤਾ ਦਾ ਪ੍ਰਵੇਸ਼ ਹੋਇਆ ਹੈ। ਗੁਣ ਅਤੇ ਗਿਣਤੀ ਦੋਹਾਂ ਪੱਖਾਂ ਤੋਂ ਫ਼ਖ਼ਰ ਜ਼ਮਾਨ ਸਭ ਤੋਂ ਵੱਧ ਸਫ਼ਲ ਨਾਵਲਕਾਰ ਸਮਝਿਆ ਜਾ ਸਕਦਾ ਹੈ। ਸਮੁੱਚੇ ਪੰਜਾਬੀ ਨਾਵਲ ਦੇ ਪ੍ਰਸੰਗ ਵਿੱਚ ਉਸਦੀ ਰਚਨਾ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। 'ਸੱਤ ਗਵਾਚੇ ਲੋਕ' ਨਾਵਲ ਵਿੱਚ ਨਾਵਲਕਾਰ ਨੇ ਸੱਤ ਗਵਾਚੇ ਹੋਏ ਪਾਤਰਾਂ ਰਾਹੀਂ (ਜਿਨ੍ਹਾਂ ਦਾ ਆਪਣਾ ਵਜੂਦ ਗੁਆਚ ਚੁੱਕਾ ਹੈ) ਪੰਜਾਬ ਦੇ ਲੋਕਾਂ ਦੇ ਦੁੱਖਾਂ ਤੇ ਤਕਲੀਫ਼ਾਂ ਨੂੰ ਪੇਸ਼ ਕੀਤਾ ਹੈ। ਇਸ ਨਾਵਲ ਦੇ ਸਾਰੇ ਪਾਤਰ ਸਮਾਜਿਕ ਰਿਸ਼ਤਿਆਂ ਦੁਆਰਾ ਵੱਖਰੇ-ਵੱਖਰੇ ਢੰਗਾਂ ਰਾਹੀਂ ਵਰਤੇ ਜਾ ਰਹੇ ਹਨ। ਨਾਵਲ ਵਿੱਚ ਦਰਸਾਇਆ ਗਿਆ ਹੈ ਕਿ ਮਨੁੱਖੀ ਰਿਸ਼ਤਿਆਂ ਦੁਆਰਾ ਹੀ ਮਨੁੱਖ ਨੂੰ ਇੱਕ ਵਸਤੂ ਸਮਝ ਕੇ ਵਰਤਿਆ ਜਾਂਦਾ ਹੈ। ਦੂਜੇ ਪਾਸੇ ਮੌਕੇ ਦੀ ਹਕੂਮਤ ਇਨ੍ਹਾਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਇਹ ਸੱਤ ਪਾਤਰ ਸਮੁੱਚੇ ਮਾਨਵ ਜਗਤ ਦੀ ਪ੍ਰਤੀਨਿਧਤਾ ਕਰਦੇ ਨਜ਼ਰ ਆਉਂਦੇ ਹਨ। ਇਹ ਨਾਵਲ ਅਜਿਹੇ ਲੋਕਾਂ ਦੀ ਮਾਨਸਿਕਤਾ ਨੂੰ ਪ੍ਰਗਟ ਕਰਦਾ ਹੈ, ਜੋ ਗੁਲਾਮ ਹਨ ਅਤੇ ਆਜ਼ਾਦ ਹੋਣਾ ਲੋਚਦੇ ਹਨ। ਸੱਤੇ ਪਾਤਰ ਵੱਖ-ਵੱਖ ਸਮਾਜਿਕ ਪ੍ਰਸਥਿਤਿਆਂ ਵਿੱਚ ਆਪਣੇ ਹਾਲਾਤ ਤੋਂ ਸਤਾਏ ਹੋਏ ਇੱਕ ਚੌਂਕ ਵਿੱਚ ਇਕੱਠੇ ਹੁੰਦੇ ਹਨ ਅਤੇ ਆਪਣੀ ਆਪਣੀ ਕਹਾਣੀ ਦੱਸਦੇ ਹਨ। ਇਨ੍ਹਾਂ ਸੱਤਾਂ ਪਾਤਰਾਂ ਦੀਆਂ ਕਹਾਣੀਆਂ ਅਜਿਹੇ ਲੋਕਾਂ ਦੀਆਂ ਕਹਾਣੀਆਂ ਹਨ ਜੋ ਆਜ਼ਾਦ ਹੋ ਕੇ ਸਮਾਜ ਵਿੱਚ ਆਪਣੀ ਇੱਜ਼ਤ ਤੇ ਮਾਣ ਸਤਿਕਾਰ ਹਾਸਿਲ ਕਰਨਾ ਚਾਹੁੰਦੇ ਹਨ। ਇਨ੍ਹਾਂ ਪਾਤਰਾਂ ਨੂੰ ਸਮਾਜ ਵਿੱਚ ਕਠਪੁਤਲੀਆਂ ਬਣ ਕੇ ਰਹਿਣਾ ਸਵੀਕਾਰ ਨਹੀਂ ਹੈ।

'ਇੱਕ ਮਰੇ ਬੰਦੇ ਦੀ ਕਹਾਣੀ' ਨਾਵਲ ਵਿੱਚ ਦੱਸਿਆ ਗਿਆ ਹੈ ਕਿ ਮਨੁੱਖ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਕਿਸੇ ਹੋਰ ਅਧੀਨ ਮਜ਼ਬੂਰੀ ਵਸ ਹੋ ਕੇ ਕਰਦਾ ਹੈ। ਜਦੋਂ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਸਨੂੰ ਉਦੋਂ ਹੀ ਵਿਸ਼ੇਸ਼ ਧਰਮ ਦਾ ਜਾਮਾ ਪਹਿਨਾ ਦਿੱਤਾ ਜਾਂਦਾ ਹੈ ਜਿਵੇਂ ਇਸ ਨਾਵਲ ਦੇ ਪਾਤਰ ਨੂੰ ਮਾਪਿਆਂ ਦੀ ਮਰਜ਼ੀ 'ਤੇ ਆਧਾਰਿਤ ਹੀ ਮਜ਼ਮੂਨ ਪੜ੍ਹਨੇ ਪੈਂਦੇ ਹਨ। ਬਚਪਨ ਤੋਂ ਲੈ ਕੇ ਜਵਾਨੀ ਤੱਕ ਦੇ ਸਾਰੇ ਕੰਮ ਇੱਕ ਰੁਟੀਨ ਨਾਲ ਕਰਨੇ ਪੈਂਦੇ ਹਨ। ਹਰ ਧਿਰ ਚਾਹੇ ਉਹ ਮਾਂ ਬਾਪ ਹੋਵੇ, ਸਮਾਜ ਹੋਵੇ, ਪਤਨੀ ਜਾਂ ਬੱਚੇ ਸਾਰੇ ਆਪਣੇ ਲਾਲਚ ਅਨੁਸਾਰ ਵਿਅਕਤੀ ਨੂੰ ਵਰਤਣ ਦਾ ਯਤਨ ਕਰਦੇ ਹਨ। ਫਖ਼ਰ ਜ਼ਮਾਨ ਨੇ ਆਪਣੇ ਨਾਵਲਾਂ ਵਿੱਚ ਆਧੁਨਿਕ ਮਨੁੱਖ ਦੇ ਮਨੋਸੰਕਟ ਨੂੰ ਅਤੇ ਵਿਅਕਤੀ ਤੇ ਸਮਾਜ ਦੇ ਆਪਸੀ ਦਵੰਦ ਨੂੰ ਪਰੰਪਰਾ ਤੋਂ ਹੱਟ ਕੇ ਚਿਤਰਣ ਦਾ ਉਪਰਾਲਾ ਕੀਤਾ ਹੈ। ਉਹ ਨਾਵਲ ਵਿੱਚ ਵਾਧੂ ਭਰਤੀ ਦੇ ਵਿਰੁੱਧ ਹੈ, ਉਹ ਸਮਝਦਾ ਹੈ ਕਿ ਜਿਹੜੀ ਗੱਲ ਅੱਠ ਨੌਂ ਸੌ ਸਫਿਆਂ ਦੇ ਨਾਵਲਾਂ ਵਿੱਚ ਆਮ ਆਖੀ ਜਾ ਸਕਦੀ ਹੈ, ਉਹ ਸਹਿਜ਼ੇ ਹੀ ਸੌ ਜਾਂ ਡੇਢ ਸੌ ਪੰਨਿਆਂ ਵਿੱਚ ਕਹੀ ਜਾ ਸਕਦੀ ਹੈ: ' ਸੱਤ ਗਵਾਚੇ ਲੋਕ' ਤੇ 'ਇੱਕ ਮਰੇ ਬੰਦੇ ਦੀ ਕਹਾਣੀ' ਇਸਦਾ ਸਾਫ਼ ਪ੍ਰਮਾਣ ਹੈ।[3]

ਫ਼ਖ਼ਰ ਜ਼ਮਾਨ ਦਾ ਤੀਜਾ ਨਾਵਲ 'ਬੰਦੀਵਾਨ' ਪਹਿਲੇ ਨਾਵਲਾਂ ਦੀ ਤੀਜੀ ਕੜੀ ਹੋਣ ਦੇ ਨਾਲ ਨਾਲ ਸੰਚਾਰ ਦੇ ਪੱਖੋਂ ਵਧੇਰੇ ਸਪੱਸ਼ਟ ਹੈ। 'ਸੱਤ ਗਵਾਚੇ ਲੋਕ' ਅਤੇ 'ਇੱਕ ਮਰੇ ਬੰਦੇ ਦੀ ਕਹਾਣੀ' ਦੇ ਸਾਰੇ ਪਾਤਰ ਆਜ਼ਾਦੀ ਲਈ ਵਿਅਕਤੀਗਤ ਪੱਧਰ 'ਤੇ ਕੋਸ਼ਿਸ਼ ਕਰਦੇ ਹਨ ਅਤੇ ਅਖ਼ੀਰ ਗੁੰਮ ਹੋ ਜਾਂਦੇ ਹਨ। ਡਾ. ਕਰਨੈਲ ਸਿੰਘ ਥਿੰਦ ਅਨੁਸਾਰ ਫ਼ਖ਼ਰ ਜ਼ਮਾਨ ਨੇ ਇਹ ਬਹੁਤ ਜਲਦੀ ਮਹਿਸੂਸ ਕਰ ਲਿਆ ਹੈ ਕਿ ਵਰਤਮਾਨ ਸਮਾਜਿਕ ਤੇ ਰਾਜਸੀ ਪ੍ਰਬੰਧ ਵਿੱਚ ਵਿਅਕਤੀਗਤ ਸੁਤੰਤਰਤਾ ਜਾਂ ਵਿਅਕਤੀ ਦੀ ਨਿੱਜੀ ਅਜ਼ਾਦੀ ਕੋਈ ਅਰਥ ਨਹੀਂ ਰੱਖਦੀ। 'ਬੰਦੀਵਾਨ' ਦੀ ਸਿਰਜਣਾ ਨਾਲ ਫ਼ਖਰ ਜ਼ਮਾਨ ਆਪਣੇ ਦੋਹਾਂ ਨਾਵਲਾਂ ਤੋਂ ਬਹੁਤ ਅੱਗੇ ਨਿਕਲ ਆਇਆ ਹੈ ਅਤੇ ਇਸ ਸਿੱਟੇ 'ਤੇ ਪੁੱਜਦਾ ਹੈ ਕਿ ਸਮਾਜਿਕ ਆਜ਼ਾਦੀ ਜਾਂ ਆਜ਼ਾਦੀ ਲਈ ਯਤਨ, ਸਾਡਾ ਧਰਮ ਹੈ ਅਤੇ ਇਹ ਆਜ਼ਾਦੀ ਲੋਕ ਸ਼ਕਤੀ ਜਾਂ ਇਨਕਲਾਬ ਬਿਨਾਂ ਸੰਭਵ ਨਹੀਂ ਹੈ। ਨਾਵਲ ਦਾ ਨਾਇਕ ਕਹਿੰਦਾ ਹੈ 'ਕਾਨੂੰਨ ਅੰਨ੍ਹਾਂ ਹੋ ਗਿਆ ਵੇ, ਇਨਸਾਫ਼ ਕਰਨ ਵਾਲੇ ਵਿਕਾਊ ਮਾਲ ਹੋ ਗਏ ਨੇ, ਹਰ ਸ਼ੈਅ ਦੀ ਬੋਲੀ ਲਗਦੀ ਏ। ਹਰ ਸ਼ੈਅ ਵਿਕ ਰਹੀ ਏ, ਫੌਜ਼, ਅਫ਼ਸਰ, ਸਿਆਸਤਦਾਨ, ਵਕੀਲ, ਕਲਮਕਾਰ ਮੁਨਸ਼ਿਫ਼, ਮੁੱਖਾਂ................. ਬਣੇਗਾ ਕੀ ? ਪੂਰਾ ਨਿਜ਼ਾਮ

ਬਦਲਣਾ ਪਵੇਗਾ। ਆਵਾਮ ਦੀ ਤਾਕਤ ਸਾਹਮਣੇ ਕੋਈ ਸ਼ੈਅ ਨਹੀਂ ਖਲੋ ਸਕਦੀ ਤੇ ਸਾਡੀ ਧਰਮੀ ਉਪਰ ਤਾਂ ਆਵਾਮ ਦਾ ਜਾਗਣਾ ਕੰਧ ਉਤੇ ਲਿਖਿਆ ਗਿਆ ਏ। ਅਸੀਂ ਸਾਰਿਆਂ ਰਲਕੇ ਜੰਗ ਕਰਨੀ ਏ। ਆਖ਼ਰੀ ਜੰਗ ਤੇ ਫਤਹਿ ਸਾਡੀ ਕਿਸਮਤ ਏ।[4]

'ਬੇਵਤਨਾ' ਨਾਵਲ ਉਸਦੇ ਹੋਰਨਾਂ ਨਾਵਲਾਂ ਨਾਲੋਂ ਕੁਝ ਹਟ ਕੇ ਹੈ। ਇਹ ਨਾਵਲ ਸਿਆਸੀ ਨਜ਼ਰੀਏ ਦੇ ਪ੍ਰਗਟਾਵੇ ਤੇ ਆਧਾਰਿਤ ਹੈ। ਇਸ ਨਾਵਲ ਵਿੱਚ ਪਾਕਿਸਤਾਨ ਨੂੰ ਕੇਂਦਰੀ ਪਾਤਰ ਵਜੋਂ ਲਿਆ ਗਿਆ ਹੈ। 'ਕਮਜ਼ਾਤ' ਨਾਵਲ ਵਿੱਚ ਵੀ ਪ੍ਰਚਲਿਤ ਰਾਜਸੀ ਪ੍ਰਬੰਧ ਦੀ ਨਿੰਦਿਆਂ ਕੀਤੀ ਗਈ ਹੈ ਅਤੇ ਆਪਣੇ ਦੇਸ਼ ਨੂੰ ਨਿੱਜੀ ਮਲਕੀਅਤ ਸਮਝ ਕੇ ਲੁੱਟ ਮਾਰ ਕਰਨ ਵਾਲਿਆਂ ਨੂੰ ਕਮਜ਼ਾਤ ਦਾ ਨਾਂ ਦਿੱਤਾ ਗਿਆ ਹੈ। ਨਾਵਲਕਾਰ ਨੇ ਅਜਿਹੇ ਸਮਾਜ ਤੇ ਸਿਆਸੀ ਲੁਟੇਰਿਆਂ ਦਾ ਪਰਦਾ ਫਾਸ਼ ਕੀਤਾ ਹੈ ਜੋ ਸਾਧਾਰਨ ਜਨਤਾ ਦੇ ਜਜ਼ਬਿਆਂ ਨਾਲ ਖੇਡਦੇ ਹਨ।

ਫ਼ਖ਼ਰ ਜ਼ਮਾਨ ਦਾ ਨਾਵਲ 'ਤੂੰ ਕਿ ਮੈਂ' ਯਥਾਰਥਵਾਦੀ ਵਿਧੀ ਨਾਲੋਂ ਵੱਖਰੀ ਕਿਸਮ ਦਾ ਨਾਵਲ ਹੈ ਭਾਵੇਂ ਕਿ ਫ਼ਖਰ਼ ਜ਼ਮਾਨ ਦਾ ਹਰ ਨਾਵਲ ਇੱਕ ਵੱਖਰੀ ਵਿਧੀ ਜਾਂ ਸੰਰਚਨਾ ਨੂੰ ਸਾਹਮਣੇ ਲਿਆ ਰਿਹਾ ਹੁੰਦਾ ਹੈ, ਪਰ ਸਿਆਸੀ ਸਰੋਕਾਰਾਂ ਨਾਲ ਵੀ ਉਸਦੇ ਨਾਵਲਾਂ ਦਾ ਡੂੰਘਾ ਸਬੰਧ ਹੁੰਦਾ ਹੈ। ਇਹ ਨਾਵਲ ਪੱਖੀ ਅਧਿਆਵਾਂ ਵਿੱਚ ਵੰਡਿਆ ਹੋਇਆ ਹੈ। ਹਰ ਅਧਿਆਇ ਕਵਿਤਾ ਨਾਲ ਸ਼ੁਰੂ ਹੁੰਦਾ ਹੈ। ਨਾਵਲ ਵਿੱਚ ਲੋਕ ਕਾਵਿ, ਸੂਫ਼ੀ ਕਾਵਿ, ਬੁੱਲੇ ਸ਼ਾਹ ਦਾ ਬਾਰਾਂਮਾਹ ਆਦਿ ਦਾ ਵਰਣਨ ਕੀਤਾ ਮਿਲਦਾ ਹੈ। ਨਾਵਲਕਾਰ ਨਾਵਲ ਵਿੱਚ ਉਨ੍ਹਾਂ ਸਥਿਤੀਆਂ ਦੀ ਪੇਸ਼ਕਾਰੀ ਕਰਦਾ ਹੈ ਜਿਹੜੀਆਂ ਸਰਹੱਦਾਂ, ਵੰਡਾਂ ਤੇ ਸੀਮਾਵਾਂ ਦੀ ਪੇਸ਼ਕਾਰੀ ਕਰਦੀਆਂ ਹਨ। ਫਖ਼ਰ ਜ਼ਮਾਨ ਇਸ ਨਾਵਲ ਵਿੱਚ ਕਥਾ ਨੂੰ ਇੱਕ ਦੇਸ਼, ਇੱਕ ਸ਼ਹਿਰ ਜਾਂ ਇੱਕ ਪਿੰਡ ਦੀ ਕਥਾ ਨਹੀਂ ਮੰਨਦਾ ਸਗੋਂ ਸਾਰੇ ਦੇਸ਼ਾਂ, ਸਾਰੇ ਸ਼ਹਿਰਾਂ ਤੇ ਸਾਰੇ ਪਿੰਡਾਂ ਦੀ ਕਥਾ ਦਸਦਾ ਹੈ। ਨਾਵਲ ਵਿੱਚ ਇਸਦੇ ਨਾਇਕ ਖੇਰੂ ਤੇ ਉਸਦੇ ਸਾਥੀ ਦੋਸਤੀ, ਮੁਹੱਬਤ ਲਈ ਸੰਘਰਸ਼ ਕਰਦੇ ਹਨ ਅਤੇ ਉਸਦੇ ਜ਼ਿੰਦਗੀ ਵਿੱਚ ਕੀਤੇ ਕੰਮਾਂ ਦਾ ਵਰਣਨ ਮਿਲਦਾ ਹੈ। ਇਹ ਵੀ ਦੱਸਿਆ ਗਿਆ ਹੈ ਕਿ ਖੇਰੂ ਕਿਵੇਂ ਪੰਜਾਬ ਦੀ ਸ਼ਾਂਤੀ ਲਈ ਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਨਾਵਲਕਾਰ ਨੇ ਆਪਣੇ ਨਾਵਲ ਵਿੱਚ ਹੋਰ ਪਾਕਿਸਤਾਨੀ ਨਾਵਲਕਾਰਾਂ ਦੀ ਤਰ੍ਹਾਂ ਚਿੰਨ੍ਹਾਂ ਦੀ ਵਰਤੋਂ ਕੀਤੀ ਹੈ। ਅੰਤ ਵਿੱਚ ਨਾਵਲਕਾਰ 'ਤੂੰ' ਤੇ 'ਮੈਂ' ਦੇ ਅੰਤਰ ਨੂੰ ਖਤਮ ਕਰ ਦੇਣਾ ਚਾਹੁੰਦਾ ਹੈ ਜਿਹੜਾ ਸਰਹੱਦਾਂ 'ਤੇ ਸਥਾਪਨਾਵਾਂ ਨੇ ਬਣਾਏ ਸਨ।

ਸਲੀਮ ਖਾਂ ਗਿੱਮੀ ਦੁਆਰਾ ਲਿਖਿਆ ਗਿਆ 'ਸਾਂਝ' ਨਾਵਲ ਇੱਕ ਪ੍ਰਸਿੱਧ ਨਾਵਲ ਹੈ। ਨਾਵਲਕਾਰ ਨੇ ਆਪਣੇ ਨਾਵਲ ਸਾਂਝ ਵਿੱਚ ਦੇਸ਼ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੀ ਉਸਾਰੀ ਕੀਤੀ ਹੈ। ਜਿਸ ਵਿੱਚ ਸਦੀਆਂ ਤੋਂ ਹਿੰਦੂ, ਸਿੱਖ ਤੇ ਮੁਸਲਮਾਨ ਧਰਮ ਨਾਲ ਸੰਬੰਧਿਤ ਲੋਕਾਂ ਵਿੱਚ ਭਾਈਚਾਰਕ ਸਾਂਝ ਸੀ। ਪੰਜਾਬ ਦੇ ਲੋਕਾਂ ਦੀਆਂ ਰਵਾਇਤਾਂ, ਦੁੱਖ-ਸੁੱਖ, ਦੋਸਤੀ ਦੁਸ਼ਮਣੀ, ਪਿਆਰ ਤੇ ਨਫ਼ਰਤ ਨੂੰ ਇਸ ਨਾਵਲ ਵਿੱਚ ਬੜੀ ਡੂੰਘਾਈ ਨਾਲ ਚਿਤਰਿਆ ਹੈ। ਦੇਸ਼ ਵੰਡ ਤੋਂ ਬਾਅਦ ਪੈਦਾ ਹੋਏ ਮਾਹੌਲ ਨੇ ਨਾਵਲਕਾਰ ਨੂੰ ਇਹ ਨਾਵਲ ਲਿਖਣ ਲਈ ਮਜ਼ਬੂਰ ਕੀਤਾ। 'ਸਾਂਝ' ਨਾਵਲ ਰਾਹੀਂ ਗਿੱਮੀ ਨੇ ਉਸ ਗੁਆਂਢੀ ਹੋਈ ਖ਼ੁਸ਼ਬੂ ਨੂੰ ਲੱਭਣ ਦਾ ਯਤਨ ਕੀਤਾ ਹੈ, ਜਿਹੜੀ ਦੇਸ਼ ਵੰਡ ਸਮੇਂ ਕਿਧਰੇ ਗੁਆਚ ਗਈ ਸੀ। ਸਲੀਮ ਖਾਂ ਗਿਮੀ ਦਾ ਨਾਵਲ 'ਸਾਂਝ' ਸਭਿਆਚਾਰ ਦੇ ਰਾਗਾਤਮਿਕ ਰਿਸ਼ਤਿਆਂ ਦੀ ਤਰਜਮਾਨੀ ਕਰਦਾ 'ਪਾਕਿਸਤਾਨ' ਨੂੰ ਰਾਜਸ਼ੀ ਇਕਾਈ ਵਜੋਂ ਨਹੀਂ ਸਗੋਂ ਪਾਕ ਤੇ ਪਵਿੱਤਰ, ਨੇਕੀ ਤੇ ਬਦੀ ਦੇ ਦਵੰਦ ਵਜੋਂ ਪ੍ਰਸਤੁਤ ਕਰਦਾ ਹੈ, ਰਾਜਨੀਤੀ ਦੀ ਖਰਮਸਤੀ ਕਿਸੇ ਕਾਲਖੰਡ ਨੂੰ ਖੱਜਲ ਖੁਆਰ ਤਾਂ ਕਰ ਜਾਂਦੀ ਹੈ, ਪਰ ਮਨੁੱਖ ਅੰਦਰਲੇ, ਸਮਾਜਕ ਦਰੇਗ ਤੋਂ ਰਾਜਨੀਤੀ ਦੇ ਫਰੇਬ ਦਾ ਨਾਟਕ ਨਹੀਂ ਖੇਡਿਆ ਜਾਂਦਾ।[5]

ਮੁਸਤਨੱਸਰ ਹੁਸੈਨ ਤਾਰੜ ਨੇ ਇੱਕ ਛੋਟਾ ਜਿਹਾ ਨਾਵਲ 'ਪਖੇਰੂ' ਲਿਖ ਕੇ ਪੰਜਾਬੀ ਨਾਵਲ ਵਿੱਚ ਆਪਣੀ ਵਿਸ਼ੇਸ਼ ਥਾਂ ਬਣਾ ਲਈ ਹੈ। ਨਾਵਲਕਾਰ ਨੇ ਇਸ ਵਿੱਚ ਮਨੁੱਖ ਤੇ ਪਖੇਰੂ ਦੇ ਚਿੰਨ੍ਹਾਂ ਦੁਆਰਾ ਸਮਕਾਲੀ ਸਮਾਜ ਵਿੱਚ ਇਨਸਾਨ ਦੀ ਦੁਰਦਸ਼ਾ ਨੂੰ ਪੇਸ਼ ਕੀਤਾ ਹੈ। ਪਖੇਰੂ ਇੱਕ ਅਜਿਹੇ ਵਿਅਕਤੀ ਦੀ ਕਹਾਣੀ ਹੈ ਜੋ ਸੱਚ ਦੇ ਰਸਤੇ 'ਤੇ ਤੁਰਨਾ ਚਾਹੁੰਦਾ ਹੈ ਪਰੰਤੂ ਉਸਦਾ ਪਰਿਵਾਰ, ਭਾਈਚਾਰਾ ਉਸਨੂੰ ਭ੍ਰਿਸ਼ਟ ਰਾਜਨੀਤਿਕ ਤੇ ਸਮਾਜਿਕ ਢਾਂਚੇ ਵਿੱਚ ਵਿਚਰਨ ਦੀ ਪ੍ਰੇਰਨਾ ਦਿੰਦੇ ਹਨ। ਉਹ ਵਿਅਕਤੀ ਝੂਠ ਤੇ ਫ਼ਰੇਬ ਦੇ ਰਸਤੇ 'ਤੇ ਨਹੀਂ ਚਲਦਾ ਇਸ ਲਈ ਉਸਨੂੰ ਇਕੱਲਤਾ ਦਾ ਸੰਤਾਪ ਭੋਗਣਾ ਪੈਂਦਾ ਹੈ। ਇਸ ਇਕੱਤਰਤਾ ਭਰੀ ਜ਼ਿੰਦਗੀ ਵਿੱਚ ਉਸਨੂੰ ਇਕ ਪਖੇਰੂ ਮਿਲਦਾ ਹੈ ਜੋ ਕਿ ਉਹਦੇ ਵਾਂਗ ਹੀ ਗਿਰਝਾਂ ਦਾ ਘੇਰਿਆ ਹੋਇਆ ਹੈ। ਇਹ ਪਖੇਰੂ ਵੀ ਉਹਦੇ ਵਾਂਗ ਸੱਚ ਦੇ ਰਾਹ 'ਤੇ ਤੁਰਿਆ ਸੀ ਜਿਸ ਕਰਕੇ ਇਕੱਲਤਾ ਦਾ ਸ਼ਿਕਾਰ ਹੋ ਗਿਆ। ਬੰਦੇ ਅਤੇ ਪਖੇਰੂ ਦੇ ਅੰਦਰਲੇ ਸੱਚ ਦੀ ਤਲਾਸ਼ ਨੇ ਦੋਹਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ, ਬੰਦੇ ਨੇ ਪਖੇਰੂ ਨੂੰ ਆਪਣੀ ਹਯਾਤੀ ਦੀ ਗਾਥਾ ਸੁਣਾਈ ਤੇ ਪਖੇਰੂ ਨੇ ਉਸਨੂੰ ਦੱਸਿਆ ਕਿ ਕਿਸ ਤਰ੍ਹਾਂ ਉਹ ਆਪਣੇ ਵੱਡ-ਵਡੇਰੇ ਅਰਥਾਤ ਸੱਚ ਨੂੰ ਲੱਭਣ ਲਈ ਕਾਫ ਦੀਆਂ ਪਹਾੜੀਆਂ ਤੱਕ ਉੱਡਿਆ। ਉਹਦੇ ਨਾਲ ਦੇ ਸਾਥੀ ਕੁਝ ਤਾਂ ਉਸ ਨਾਲ ਤੁਰਨ ਤੋਂ ਇਨਕਾਰੀ ਹੋ ਗਏ ਤੇ ਕੁਝ ਮਰ ਗਏ।

ਅਹਿਸਾਨ ਬਟਾਲਵੀ ਦਾ ਨਾਵਲ 'ਕਹਾਣੀ ਇੱਕ ਇੱਜੜ ਦੀ' ਇਕ ਪ੍ਰਸਿੱਧ ਨਾਵਲ ਹੈ। ਇਹ ਇਕ ਅਜਿਹੀ ਰਚਨਾ ਹੈ ਜਿਸ ਵਿੱਚ ਅਜਿਹੇ ਲੋਕਾਂ 'ਤੇ ਵਿਅੰਗ ਕੀਤਾ ਗਿਆ ਹੈ ਜੋ ਭੋਲੇ-ਭਾਲੇ ਲੋਕਾਂ ਨੂੰ ਲੁੱਟਣ ਲਈ ਅਨੇਕਾਂ ਰੂਪ ਧਾਰਨ ਕਰ ਲੈਂਦੇ ਹਨ। ਇਸ ਇੱਜੜ ਵਿਚ ਅਜਿਹੇ ਲੋਕ ਮੌਜੂਦ ਹਨ ਜੋ ਆਪਣੇ ਜਾਤੀ ਮਾਮਲਿਆਂ ਲਈ ਹਰੀ ਭਰੀ ਧਰਤੀ ਨੂੰ ਬੰਜਰ ਵਿੱਚ ਬਦਲਣ ਦਾ ਯਤਨ ਕਰ ਰਹੇ ਹਨ ਅਤੇ ਆਪਣੇ ਅਗਾਂਹਵਧੂ ਹੋਣ ਦਾ ਦਾਅਵਾ ਕਰਦੇ ਹਨ। ਨਾਵਲ ਵਿਚ ਨਾਵਲਕਾਰ ਨੇ ਮਰਦਾਂ ਤੇ ਔਰਤਾਂ ਨੂੰ ਬੱਕਰੇ ਬੱਕਰੀਆਂ ਦੇ ਰੂਪ ਵਿੱਚ ਪੇਸ਼ ਕਰਕੇ ਸਮੁੱਚੇ ਸਮਾਜ ਨੂੰ ਇੱਕ ਇੱਜੜ ਦਾ ਰੂਪ ਦਿੱਤਾ ਹੈ।

ਕਹਿਕਸ਼ਾਂ ਮਲਿਕ ਨੇ 'ਚਿੱਕੜ ਰੰਗੀ ਮੂਰਤੀ' ਨਾਵਲ ਵਿੱਚ ਪਾਕਿਸਤਾਨੀ ਪ੍ਰਸਥਿਤੀਆਂ ਦੇ ਧਾਰਮਿਕ, ਰਾਜਸੀ ਤੇ ਸਮਾਜਿਕ ਕਾਰਜ ਤੇ ਕਾਰਨ ਦੇ ਅਡੰਬਰ ਦਾ ਪਰਦਾਫਾਸ਼ ਕੀਤਾ ਹੈ। ਇਸ ਨਾਵਲ ਦੀ ਨਾਇਕਾ ਜ਼ੁਬੈਦਾ ਹੈ ਜਿਸਦੇ ਮਾਪੇ ਬਚਪਨ ਵਿੱਚ 1947 ਦੀ ਵੰਡ ਸਮੇਂ ਮਾਰੇ ਜਾਂਦੇ ਹਨ। ਫਿਰ ਜ਼ੁਬੈਦਾ ਨੂੰ ਰਫ਼ਿਊਜ਼ੀ ਕੈਂਪ ਤੋਂ ਚਾਚੀ ਅਸ਼ਮਾਤ ਜੋ ਕਿ ਬੇ-ਔਲਾਦ ਹੈ ਆਪਣੇ ਘਰ ਲੈ ਆਉਂਦੀ ਹੈ ਤੇ ਧੀਆਂ ਵਾਂਗ ਪਾਲਦੀ ਹੈ। ਜ਼ੁਬੈਦਾ ਦੇ ਮੁਟਿਆਰ ਹੋ ਜਾਣ ਤੇ ਰੱਖਾ ਨਾਂ ਦਾ ਵਿਅਕਤੀ ਉਸਨੂੰ ਬੁਰੀ ਨਜ਼ਰ ਨਾਲ ਵੇਖਦਾ ਹੈ। ਉਸਦੀਆਂ ਜ਼ਿਆਦਤੀਆਂ ਤੋਂ ਦੁਖੀ ਜ਼ੁਬੈਦਾ ਨੂੰ ਲਾਵਾਰਸਾਂ ਦੇ ਵਾਰਡ ਵਿਚ ਦਾਖ਼ਲ ਕਰਵਾ ਦਿੱਤਾ ਜਾਂਦਾ ਹੈ। ਫਿਰ ਇਹ ਕੁੜੀ ਠੀਕ ਹੋਣ ਤੋਂ ਬਾਅਦ ਮੀਆਂ ਸਫੀਕ ਜੋ ਕਿ ਪਹਿਲਾਂ ਹੀ ਤਿੰਨ ਵਿਆਹ ਕਰਵਾ ਚੁੱਕਾ ਹੁੰਦਾ ਹੈ ਨਾਲ ਪਤਨੀ ਦੀ ਤਰ੍ਹਾਂ ਰਹਿਣ ਲੱਗ ਪੈਂਦੀ ਹੈ। ਲੇਖਿਕਾ ਨੇ ਸਮਾਜ ਦੇ ਜਿਹੜੇ ਆਗੂ ਸ਼ਰਾਫ਼ਤ ਦਾ ਮਖੌਟਾ ਪਾ ਕੇ ਔਰਤ ਦੀ ਇੱਜ਼ਤ ਨਾਲ ਖੇਡਦੇ ਹਨ, ਉਨ੍ਹਾਂ ਦੇ ਕੁਕਰਮਾਂ ਨੂੰ ਖੂਬ ਨੰਗਿਆਂ ਕੀਤਾ ਹੈ।

ਰਜ਼ੀਆ ਨੂਰ ਮੁਹੰਮਦ ਨੇ ਔਰਤ ਨਾਵਲਕਾਰਾ ਹੋਣ ਦੇ ਨਾਤੇ ਆਪਣੇ ਨਾਵਲ 'ਬਲਦੇ ਦੀਵੇ' ਵਿੱਚ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੀ ਸਥਿਤੀ ਨੂੰ ਚਿਤਰਦਿਆਂ ਉਸਦੀ ਬੇਬਸੀ ਨੂੰ ਦਰਸਾਇਆ ਹੈ। ਔਰਤ ਦੀ ਸਥਿਤੀ ਦੁਜੈਲੀ ਹੋਣ ਕਾਰਨ ਉਸ ਨੂੰ ਜ਼ੁਲਮ ਸਹਿਣਾ ਪੈਂਦਾ ਹੈ। ਜਾਗੀਰਦਾਰੀ ਪ੍ਰਬੰਧ ਵਿੱਚ ਪੁੱਤਰ ਪ੍ਰਾਪਤੀ ਦੀ ਇੱਛਾ ਕਾਰਨ ਮਰਦ ਇੱਕ ਤੋਂ ਵਧੇਰੇ ਵਿਆਹ ਕਰਵਾਉਣ ਨੂੰ ਤਰਜੀਹ ਦਿੰਦਾ ਹੈ। ਨਾਵਲਕਾਰਾਂ ਨੇ ਔਰਤ ਨਾਲ ਹੋਣ ਵਾਲੀਆਂ ਵਧੀਕੀਆਂ ਨੂੰ ਪੇਸ਼ ਕਰਨ ਲਈ ਜਿੱਥੇ ਚੌਧਰੀ ਕਾਬਰ ਉੱਲਾ ਜਾਗੀਰਦਾਰ, ਜ਼ਰੀਨਾ ਜਿਹੀ ਮਜ਼ਲੂਮ ਕੁੜੀ ਨੂੰ ਚਿਤਰਿਆ, ਉਥੇ ਸਲੀਮ ਵਰਗੇ ਹਮਦਰਦ ਤੇ ਦੂਸਰਿਆਂ ਦੀ ਮਦਦ ਕਰਨ ਵਾਲੇ ਪਾਤਰਾਂ ਦਾ ਜ਼ਿਕਰ ਵੀ ਕੀਤਾ ਹੈ। ਇਸ ਨਾਵਲ ਦੀ ਕਹਾਣੀ ਜਾਗੀਰਦਾਰੀ ਸਮਾਜ ਵਿੱਚ ਔਰਤਾਂ ਦੀ ਸਥਿਤੀ 'ਤੇ ਚਾਨਣਾ ਪਾਉਂਦੀ ਹੈ। ਚੌਧਰੀ ਜ਼ਫ਼ਰ ਉੱਲਾ ਅਜਿਹੇ ਮਰਦ ਪ੍ਰਧਾਨ ਸਮਾਜ ਦੀ ਪ੍ਰਤੀਨਿਧਤਾ ਕਰਦਾ ਹੈ ਜਿਸ ਵਿੱਚ ਔਰਤ ਨੂੰ ਸਿਰਫ਼ ਬੱਚੇ ਪੈਦਾ ਕਰਨ ਵਾਲੀ ਤੇ ਵਾਰਸ ਦੇਣ ਵਾਲੀ ਇਕ ਵਸਤੂ ਸਮਝਿਆ ਜਾਂਦਾ ਹੈ।

ਆਸਿਫ਼ ਸ਼ਾਹਕਾਰ ਪਾਕਿਸਤਾਨ ਤੇ ਭਾਰਤ ਵਿੱਚ ਇਕ ਅਗਾਂਹਵਧੂ ਕਵੀ ਵਜੋਂ ਜਾਣਿਆ ਪਛਾਣਿਆ ਨਾਂ ਹੈ ਪ੍ਰੰਤੂ ਉਸਨੇ ਇਕੋ ਨਾਵਲ 'ਸ਼ੋਅ ਬਿਜ਼ਨਸ' ਲਿਖ ਕੇ ਸਾਬਿਤ ਕਰ ਦਿੱਤਾ ਹੈ ਕਿ ਗਲਪ ਸਾਹਿਤ ਵਿੱਚ ਵੀ ਉਹ ਪੂਰੀ ਤਰ੍ਹਾਂ ਸਫ਼ਲ ਲੇਖਕ ਹੈ। ਇਸ ਨਾਵਲ ਦਾ ਉਦੇਸ਼ ਪੂਰਬੀ ਅਤੇ ਪੱਛਮੀ ਸੰਸਕ੍ਰਿਤੀ ਵਿਚਲੇ

ਅੰਤਰ ਨੂੰ ਸਪੱਸ਼ਟ ਰੂਪ ਵਿੱਚ ਪੇਸ਼ ਕਰਨਾ ਹੈ। ਨਾਵਲ ਵਿਚ ਅਜਿਹੇ ਮਨੁੱਖ ਦਾ ਦੁਖਾਂਤ ਪੇਸ਼ ਕੀਤਾ ਗਿਆ ਹੈ ਜਿਸਦੇ ਇਕ ਪਾਸੇ ਭਾਰਤੀ ਉਪ-ਮਹਾਂਦੀਪ ਦੀ ਸੋਚ ਹੈ ਅਤੇ ਦੂਜੇ ਪਾਸੇ ਆਧੁਨਿਕ ਪੱਛਮੀ ਜੀਵਨ ਢੰਗ। ਉਹ ਨਾ ਤਾਂ ਪੁਰਾਣੀ ਪੀੜ੍ਹੀ ਦੇ ਵਿਚਾਰਾਂ ਨਾਲ ਬੱਝ ਕੇ ਰਹਿ ਸਕਦਾ ਹੈ ਤੇ ਨਾ ਹੀ ਜਮਾਤੀ ਕਿਰਦਾਰ ਤੋਂ ਆਪਣੇ ਆਪ ਨੂੰ ਵੱਖ ਕਰ ਸਕਦਾ ਹੈ। ਅਜਿਹੇ ਪਾਤਰ ਆਪਣੇ ਸੱਭਿਆਚਾਰਕ ਵਿਰਸੇ ਨੂੰ ਅੱਖੋਂ ਪਰੋਖੇ ਵੀ ਨਹੀਂ ਕਰ ਸਕਦੇ ਅਤੇ ਨਾ ਹੀ ਪੱਛਮੀ ਸਭਿਅਤਾ ਤੋਂ ਅੱਖਾਂ ਮੀਟ ਸਕਦੇ ਹਨ। ਇਸ ਤਰ੍ਹਾਂ ਦੁਚਿੱਤੀ ਦੇ ਸ਼ਿਕਾਰ ਹੋਏ ਲੋਕਾਂ ਦੀ ਆਤਮਾ ਅਕਸਰ ਜ਼ਖ਼ਮੀ ਹੋ ਜਾਂਦੀ ਹੈ।

ਅਫ਼ਜ਼ਲ ਅਹਿਸਨ ਰੰਧਾਵਾਂ ਨੇ 'ਦੀਵਾ ਤੇ ਦਰਿਆ' ਨਾਵਲ ਵਿੱਚ ਜਾਗੀਰਦਾਰੀ/ਜ਼ਿਮੀਂਦਾਰੀ ਸ਼੍ਰੇਣੀ ਦੀਆਂ ਅੰਦਰੂਨੀ ਸਾਂਝਾਂ ਤੇ ਵਿਰੋਧਤਾਈਆਂ ਨੂੰ ਬਿਆਨ ਕੀਤਾ ਹੈ। ਬਾਬੇ ਹਸਨੇ ਸ਼ਾਹ ਦੇ ਮੇਲੇ 'ਤੇ ਹਰ ਸਾਲ ਘੋੜਿਆਂ ਦੀ ਦੌੜ, ਨੇਜ਼ਾਬਾਜ਼ੀ ਤੇ ਹੋਰ ਖੇਡਾਂ ਕਰਵਾਈਆਂ ਜਾਂਦੀਆਂ ਹਨ । ਇੱਥੇ ਹੀ ਰੰਧਾਵਿਆਂ ਤੇ ਸੰਧੂਆਂ ਦੇ ਘੋੜਿਆਂ ਵਿਚ ਹਰ ਸਾਲ ਮੁਕਾਬਲਾ ਹੁੰਦਾ ਹੈ । ਇਸ ਮੇਲੇ ਵਿਚ ਘੋੜ__ਦੌੜ ਤੇ ਨੇਜ਼ਾਬਾਜ਼ੀ ਦੇ ਖੇਡ ਮੁਕਾਬਲਿਆਂ ਸਮੇ ਉਜਾਗਰ ਸਿੰਘ ਰੰਧਾਵਾ ਤੇ ਕਰਤਾਰ ਸਿੰਘ ਸੰਧੂ ਤੇ ਖਾਨਦਾਨਾਂ ਦੀ ਦੁਸ਼ਮਣੀ ਰੁਪਮਾਨ ਹੁੰਦੀ ਹੈ । ਇਸ ਨਾਵਲ ਦਾ ਨਾਇਕ ਸ਼ਮਸ਼ੇਰ ਤੇ ਨਾਇਕਾ ਰੂਪੋ ਇਸ ਗੱਲ ਤੋਂ ਭੱਲੀ ਭਾਂਤ ਜਾਣੂ ਹਨ ਕਿ ਉਨ੍ਹਾਂ ਦਾ ਪਿਆਰ ਖ਼ਾਨਦਾਨੀ ਦੁਸ਼ਮਣੀ ਅਤੇ ਜੀਵਨ ਦੇ ਵਗਦੇ ਦਰਿਆ ਦੀ ਤੇਜ਼ ਧਾਰਾ ਨੇ ਸਿਰੇ ਨਹੀ ਚੜ੍ਹਨ ਦੇਣਾ ਪ੍ਰੰਤੂ ਫਿਰ ਵੀ ਉਹ ਜਜ਼ਬਾਤੀ ਹੋ ਕੇ ਜ਼ਿੰਦਗੀ ਦੇ ਯਥਾਰਥ ਤੋ ਅੱਖਾਂ ਮੀਟਣ ਦਾ ਯਤਨ ਕਰਦੇ ਹਨ ।

'ਦੁਆਬਾ' ਨਾਵਲ ਦਾ ਹਰੇਕ ਕਾਂਡ ਕਿਸੇ ਲੋਕ ਗੀਤ, ਬੋਲੀ ਜਾਂ ਟੱਪੇ ਤੋ ਸ਼ੁਰੂ ਹੁੰਦਾ ਹੈ । ਇਹ ਸਤਰਾਂ ਹਰ ਇਕ ਕਾਂਡ ਵਿਚਲੀ ਸੂਚਨਾ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ ਜਿਵੇ 'ਯਾਰ ਛੱਡਿਆਂ ਗਲੀ ਦਾ ਫੇਰਾ ਪੰਜਾਂ ਦੇ ਤਵੀਤ ਬਦਲੇ,' ਜੱਗਾ ਵੱਢਿਆ ਬੋਹੜ ਦੀ ਛਾਵੇ ਤੇ ਨੌ ਮਣ ਰੇਤ ਭਿੱਜ ਗਈ, 'ਲੈ ਜਾ ਨਾਮ ਦੇ ਹੁਲਾਰੇ ਨਾਲ ਰੇੜ੍ਹ ਰਾੜ੍ਹ ਕੇ' ਵਾਲੇ ਕਾਂਡਾ ਵਿਚ ਵਰਿਆਮ ਸਿੰਘ ਦੇ ਕਤਲ ਹੋਣ ਤੋ ਬਾਅਦ ਉਸਦੇ ਪੁੱਤਰ ਲੱਖੀ ਦਾ ਦਾਇਰੇ ਵਾਲਾ ਪੱਥਰ ਚੱਕ ਲੈਣਾ ਲੋਕਾਂ ਦੇ ਦਿਲਾਂ ਵਿਚ ਮੁੜ ਵਰਿਆਮ ਸਿੰਘ ਨੂੰ ਜਾਗਰਿਤ ਕਰਦਾ ਹੈ । 'ਤੇਨੂੰ ਤਾਪ ਹੜ੍ਹੇ ਮੈ ਹੂੰਗਾ', ਤੇਰੀ ਮੇਰੀ ਇਕ ਜਿੰਦੜੀ, ਵਾਲੇ ਕਾਂਡ ਵਿਚ ਦੀਪੋ ਦਾ ਲੱਖੀ ਪ੍ਰਤੀ ਪਿਆਰ ਦਰਸਾਇਆ ਗਿਆ ਹੈ, ਡੂੰਘੀ ਢਾਬ ਵਣਾਂ ਦਾ ਉਹਲਾ, ਜਿੱਥੇ ਜਿਊਣਾ ਮੋੜ ਵੱਢਿਆ, ਵਿਚ ਲੱਖੀ ਆਪਣੀ ਪ੍ਰੇਮਿਕਾ ਦੀਪੋ ਨਾਲ ਰਲ ਕੇ ਸੁਦਾਗਰ ਸਿੰਘ ਦਾ ਕਤਲ ਕਰਕੇ ਆਪਣੇ ਪਿਉ (ਵਰਿਆਮ ਸਿੰਘ) ਦੇ ਕਤਲ ਦਾ ਬਦਲਾ ਲੈਂਦਾ ਹੈ । 'ਦੁਨੀਆਂ ਕੁੱਦੀ ਜਾਂਦੀ ਹੈ, ਮੇਲਾ ਕੋਈ ਡੰਗ ਦਾ ਵਿਚ ਲੱਖੀ ਦਾ ਵਿਅਕਤੀਤਵ ਉਘੜ ਕੇ ਸਾਹਮਣੇ ਆਉਂਦਾ ਹੈ ।

ਸੂਰਜ ਗ੍ਰਹਿਣ ਪਾਕਿਸਤਾਨੀ ਪੰਜਾਬੀ ਨਾਵਲ ਪਰੰਪਰਾ ਵਿਚ ਇਕ ਨਿਵੇਕਲਾ ਯਤਨ ਹੈ ਜੋ ਕਿ ਨਿਰੋਲ ਚਿੱਠੀਆਂ ਦੇ ਆਧਰ ਤੇ ਅਰਥ ਸੰਚਾਰ ਕਰਦਾ ਹੈ । ਇਹ ਨਾਵਲ ਨਾਇਕਾ ਪਧਾਨ ਨਾਵਲ ਹੈ । ਪੂਰੇ ਨਾਵਲ ਵਿਚ ਨਾਇਕ ਦੇ ਖ਼ਤਾਂ ਤੋ ਹੀ ਨਾਇਕ ਹੀ ਮੌਜੂਦਗੀ ਦਾ ਅਹਿਸਾਸ ਹੁੰਦਾ ਹੈ । ਇਹ ਨਾਵਲ ਜ਼ਿੰਦਗੀ ਦੇ ਇਕ ਸਾਂਝੇ ਪੱਖ ਦਾ ਨਾਵਲ ਹੈ, ਜਿਸਦੀ ਤਕਨੀਕ ਹੁਣ ਤੱਕ ਦੇ ਪੰਜਾਬੀ ਨਾਵਲਾਂ ਨਾਲੋ ਬਿਲਕੁਲ ਵੱਖਰੀ ਹੈ । ਨਾਵਲ ਦਾ ਢਾਂਚਾ ਸੱਚੀ ਸੁੱਚੀ ਮੁਹੱਬਤ ਦਾ ਜ਼ਿਕਰ ਕਰਦਾ ਹੈ ਜਿਹੜੀ ਆਪਣੀ ਮਿੱਟੀ ਨਾਲੋ ਕਿਸੇ ਵੇਲੇ ਵੀ ਵੱਖ ਨਹੀ ਹੁੰਦੀ ਈਵਾ/ਸਾਹਿਬਾ ਪੜ੍ਹੀ ਲਿਖੀ ਮਿਲਣਸਾਰ ਕੁੜੀ ਹੈ ਜੋ ਆਪਣੇ ਖ਼ਤਾਂ ਰਾਹੀ਼ ਹਰਸਮੈਨ ਨੂੰ ਆਪਣੇ ਬਾਰੇ ਅਤੇ ਇਧਰ-ਉਧਰ ਦੇ ਹਾਲਾਤਾਂ ਬਾਰੇ ਦੱਸਦੀ ਰਹਿੰਦੀ ਹੈ ।

ਪੰਧ' ਨਾਵਲ ਦੀ ਸਮੁੱਚੀ ਕਹਾਣੀ ਔਰਤ ਪ੍ਰਤੀ ਸਮਾਜਿਕ ਰਵੱਈਏ ਨਾਲ ਸਬੰਧਤ ਹੈ । ਔਰਤ ਪ੍ਰਤੀ ਸਮਕਾਲੀ ਮਰਦ ਪ੍ਰਧਾਨ ਸਮਾਜ ਦਾ ਨਜ਼ਰੀਆ ਕੁੱਝ ਇਸ ਤਰ੍ਹਾਂ ਦਾ ਹੈ ਕਿ ਉਹ ਔਰਤ ਦੇ ਵਰਤਮਾਨ ਨੂੰ ਉਸਦੇ ਅਤੀਤ ਤੋ ਕਦੇ ਵੱਖ ਨਹੀ ਹੋਣ ਦਿੰਦਾ ਜਿਸਦਾ ਸਬੂਤ ਤਾਜ ਤੇ ਉਸਦੀ ਮਾਂ ਦੇ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਹਨ । ਤਾਜ ਦੀ ਨਾਨੀ ਦਾ ਤਵਾਇਫ਼ ਹੋਣਾ ਉਸਦੀ ਮਾਂ ਅਤੇ ਉਸਦੀ ਆਪਣੀ ਜਿੰਦਗੀ ਵਿਚ ਦੁੱਖਾਂ ਤਕਲੀਫ਼ਾਂ ਦਾ ਕਾਰਨ ਬਣਦਾ ਹੈ । ਇਸ ਲਈ ਤਾਜ ਦੀ ਮਾਂ ਨੂੰ ਉਸਦੇ ਸਹੁਰਿਆਂ ਅਤੇ ਸਮਾਜ ਵੱਲੋ ਸਵਿਕਾਰ ਨਹੀ ਕੀਤਾ ਜਾਂਦਾ । ਉਹ ਤਵਾਇਫ਼ ਦੀ ਧੀ ਬਣ ਕੇ ਰਹਿ ਜਾਂਦੀ ਹੈ । ਇਸ ਕਾਰਨ ਹੀ ਤਾਜ ਲਈ ਕਿਸੇ ਚੰਗੇ ਘਰ ਦਾ ਰਿਸ਼ਤਾ ਨਹੀ ਆਉਂਦਾ । ਤਾਜ ਪੂਰਬੀ ਤੇ ਪੱਛਮੀ ਸਭਿਅਤਾ ਵਿਚ ਰੰਗੀ ਹੋਣ ਦੇ ਕਾਰਨ ਰੂਹਾਨੀ ਤੇ ਜਿਸਮਾਨੀ ਦੋਵੇ ਪੱਖਾਂ ਤੋ ਸੁਤੰਤਰ ਜੀਵਨ ਜਿਊਣ ਦੀ ਚਾਹਵਾਨ ਹੈ । ਉਸਦੀ ਨਾਨੀ ਦੇ ਮਰ ਜਾਣ ਤੋ ਬਾਅਦ ਲੋਕੀ ਉਸਦੀ ਮਾਂ ਨੂੰ ਤਵਾਇਫ਼ ਤੇ ਉਸਨੂੰ ਤਵਾਇਫ਼ ਦੀ ਧੀ ਕਹਿਣ ਲੱਗ ਪੈਂਦੇ ਹਨ । ਇਸਦੇ ਨਾਲ ਹੀ ਨਾਵਲਕਾਰ ਦੀ ਕਲਾ ਉਨ੍ਹਾਂ ਲੋਕਾਂ ਦੀ ਦੁਰਦਸ਼ਾ ਵਿਖਾਉਣ ਵਿਚ ਹੈ ਜਿਹੜੇ ਪੂਰੇ ਦ੍ਰਿੜ ਇਰਾਦੇ ਨਾਲ ਪੈਸੇ ਕਮਾਉਣ ਲਈ ਇੰਗਲੈਂਡ ਗਏ ਹਨ ਤਾਂ ਕਿ ਉਹ ਪਿਛੇ ਆਪਣੇ ਘਰਦਿਆਂ ਨੂੰ ਖ਼ੁਸ਼ਹਾਲ ਬਣਾ ਸਕਣ ਬੇਸ਼ਕ ਉਸਦੇ ਲਈ ਉਨ੍ਹਾ ਨੂੰ ਮਜ਼ਦੂਰੀ ਹੀ ਕਰਨੀ ਪਵੇ ।ਵਿਦੇਸ਼ਾਂ ਵਿਚ ਰਹਿੰਦੇ ਲੋਕਾਂ ਦੀਆਂ ਆਰਥਿਤ ਤੇ ਭਾਵਨਾਤਮਿਕ ਸਮੱਸਿਆਵਾਂ ਦਾ ਇਸ ਨਾਵਲ ਵਿਚ ਖੂਬਸੂਰਤ ਤਰੀਕੇ ਨਾਲ ਜ਼ਿਕਰ ਕੀਤਾ ਗਿਆ ਹੈ ।

ਅਹਿਮਦ ਸਲੀਮ ਦੁਆਰਾ ਰਚਿਤ ਨਾਵਲ 'ਤਿਤਲੀਆਂ ਅਤੇ ਟੈਂਕ' ਵਿਚ ਜਿੱਥੇ ਪੰਜਾਬੀ ਸਭਿਆਚਾਰ, ਪੰਜਾਬੀ ਵਿਰਸ੍ਰੇ ਤੇ ਪੰਜਾਬੀਅਤ ਦੀ ਗਲ ਕੀਤੀ ਗਈ ਹੈ ਉਥੇ ਮਜ਼ਲੂਮ ਵਰਗ ਦੇ ਪੱਖ ਨੂੰ ਵੀ ਛੂਹਿਆ ਗਿਆ ਹੈ । ਲੇਖਕ ਨੇ ਇਸ ਨਾਵਲ ਵਿਚ ਆਪਣੀ ਕਲਪਨਾਤਮਕ ਛੋਹ ਰਾਹੀਂ ਜਮਨਾ ਤੋ ਸਿੰਧ ਤੱਕ ਤੇ ਅਜਿਹੇ ਪੰਜਾਬ ਨੂੰ ਚਿਤਰਿਆ ਹੈ ਜਿਸ ਵਿਚ ਭਾਰਤੀ ਤੇ ਪਾਕਿਸਤਾਨੀ ਦੋਵਾ ਪੰਜਾਬਾਂ ਦੀ ਸ਼ਮੂਲੀਅਤ ਹੈ । ਨਾਵਲਕਾਰ ਨੇ ਪੰਜਾਬ ਦੀ ਤਸਵੀਰ ਪੇਸ਼

ਕਰਨ ਦੇ ਨਾਲ-ਨਾਲ ਅੰਗਰੇਜ਼ੀ ਹਕੂਮਤ ਦੇ ਜ਼ੁਲਮਾਂ ਦੀ ਝਾਕੀ, ਯੋਧਾ ਰਾਜਾ ਪੋਰਸ ਅਤੇ ਉਸਦੇ ਪੁੱਤਰ ਹਰੀ ਰਾਇ ਦੀ ਸੂਰਮਗਤੀ ਨੂੰ ਵੀ ਬਿਆਨਿਆ ਹੈ। ਇਸ ਨਾਵਲ ਰਾਹੀਂ ਨਾਵਲਕਾਰ ਸੱਚ ਦੇ ਝੂਠ ਦੀ ਗੱਲ ਕਰਕੇ ਸਹੀ ਅਰਥਾਂ ਵਿੱਚ ਲੋਕ ਰਾਜ ਦਾ ਹੱਕ ਪੂਰਦਾ ਹੈ।

ਮੀਰ ਤਨਹਾਂ ਯੂਸਫੀ ਦੁਆਰਾ ਰਚਿਤ 'ਇੱਕ ਸਮੁੰਦਰ ਪਾਰ' ਨਾਵਲ ਆਰਥਿਕ ਮਜਬੂਰੀਆਂ ਕਾਰਨ ਦੱਖਣ-ਏਸ਼ੀਆਈ ਦੇਸ਼ਾਂ ਦੇ ਕਾਮਿਆਂ ਦੀ ਆਰਥਿਕ ਲਾਲਸਾ ਤੋਂ ਲੈ ਕੇ ਸੰਸਕ੍ਰਿਤੀ ਤੋਂ ਟੁੱਟੇ ਮਨੁੱਖ ਦੀ ਹੋਣੀ ਦਾ ਦੁਖਾਂਤ ਤੱਕ ਬਹੁਪਰਤੀ ਪਾਸਾਰ ਸਿਰਜਦਾ ਹੈ। ਨਾਵਲਕਾਰ ਇਸ ਨਾਵਲ ਦੇ ਵਿਸ਼ੇ ਰਾਂਹੀਂ ਪਰਵਾਸ ਦੀ ਸਮੱਸਿਆ ਨੂੰ ਪੇਸ਼ ਕਰਦਾ ਹੋਇਆ ਨਾਵਲ ਦੇ ਨਾਇਕ ਪਰਵੇਜ਼ ਦੇ ਜੀਵਨ ਉੱਪਰ ਫੋਕਸ ਕਰ ਰਿਹਾ ਹੈ। ਪਰਵੇਜ਼ ਨਾਵਲ ਦਾ ਅਜਿਹਾ ਨਾਇਕ ਹੈ ਜੋ ਆਰਥਿਕ ਤੇ ਸਮਾਜਿਕ ਮਜਬੂਰੀਆਂ ਕਾਰਨ ਪਹਿਲਾਂ ਆਪਣਾ ਘਰ ਛੱਡਦਾ ਹੈ, ਫਿਰ ਆਪਣਾ ਸ਼ਹਿਰ ਤੇ ਇਸ ਤੋਂ ਬਾਅਦ ਆਪਣਾ ਦੇਸ਼ ਛੱਡਦਾ ਹੈ।ਪਰਵੇਜ਼ ਆਪਣੀ ਜ਼ਿੰਦਗੀ ਵਿੱਚ ਅਨੇਕ ਮੁਸੀਬਤਾਂ ਦਾ ਸਾਹਮਣਾ ਕਰਦਾ ਹੈ ਤੇ ਆਰਥਿਕ ਕਮਜ਼ੋਰੀਆਂ ਨੂੰ ਪੂਰਾ ਕਰਨ ਲਈ ਹਰੇਕ ਕੰਮ ਕਰਕੇ ਵੇਖਦਾ ਹੈ ਪਰ ਕੋਈ ਵੀ ਕੰਮ ਉਸਦੇ ਮਨ ਨੂੰ ਸਤੁੰਸ਼ਟ ਨਹੀਂ ਕਰ ਸਕਿਆ। ਪਰਵੇਜ਼ ਇੱਕ ਅਜਿਹੀ ਕੁੜੀ ਪਲੋਸ਼ੇ ਨਾਲ ਵਿਆਹ ਕਰਵਾਉਂਦਾ ਹੈ ਜੋ ਉਸਨੂੰ ਚੱਕਲਾ ਚਲਾਉਂਦੇ (ਵੇਸਵਾ ਦੇ ਕੋਠੇ) ਅੱਡੇ ਤੇ ਮਿਲੀ ਅਤੇ ਉਸ ਵੇਲੇ ਕਿਸੇ ਦੇ ਬੱਚੇ ਦੀ ਮਾਂ ਬਣਨ ਵਾਲੀ ਸੀ। ਆਪਣੇ ਬੱਚਿਆਂ ਉੱਪਰ ਆਪਣੀ ਮਾਂ ਦੇ ਪੈਂਦੇ ਅਤੀਤ ਦੇ ਪਰਛਾਵੇਂ ਨੂੰ ਰੋਕਣ ਲਈ ਉਹ ਆਪਣੇ ਬੱਚਿਆਂ ਉੱਪਰ ਆਪਣੀ ਮਾਂ ਦੇ ਪੈਂਦੇ ਅਤੀਤ ਦੇ ਪਰਛਾਵੇਂ ਨੂੰ ਰੋਕਣ ਲਈ ਉਹ ਆਪਣਾ ਧਰਮ ਬਦਲ ਕੇ ਅਰਬੀ ਬਣ ਜਾਂਦਾ ਹੈ ਤਾਂ ਕਿ ਕੋਈ ਉਸਦੀ ਪਤਨੀ ਦੇ ਜੀਵਨ ਦੇ ਪਿਛੋਕੜ ਬਾਰੇ ਨਾ ਜਾਣ ਸਕੇ। ਪਰਵੇਜ਼ ਆਪਣੇ ਬੱਚਿਆਂ ਨੂੰ ਹਰ ਸਹੂਲਤ ਦਿੰਦਾ ਹੈ। ਉਸ ਦੇ ਬੱਚੇ ਗਲਤ ਸੰਗਤ ਦਾ ਅਸਰ ਕਬੂਲਦੇ ਹੋਏ ਵਾਧੂ ਖਰਚੀਲੇ ਅਤੇ ਨਸ਼ੇ ਕਰਨ ਲੱਗ ਜਾਂਦੇ ਹਨ ਜੋ ਪਰਵੇਜ਼ ਦੀ ਜ਼ਿੰਦਗੀ ਦੀ ਕੀਤੀ ਮਿਹਨਤ ਉਪਰ ਪਾਣੀ ਫੇਰ ਦਿੰਦੇ ਹਨ। ਬੱਚੇ ਖੁਸਰੋ ਤੇ ਕੈਸਰ ਬੁਢੇਪੇ ਵਿੱਚ ਪਰਵੇਜ਼ ਦਾ ਸਾਥ ਨਹੀਂ ਦਿੰਦੇ, ਖ਼ੂਨੀ ਰਿਸ਼ਤਿਆਂ ਦੀ ਕਦਰ ਨਹੀਂ ਕਰਦੇ ਅਤੇ ਪੈਸੇ ਲੁੱਟਣ ਲਈ ਅਰਬੀਆਂ ਦਾ ਕਤਲ ਕਰਦੇ ਹਨ ਤੇ ਬਾਅਦ ਵਿੱਚ ਆਪ ਵੀ ਮਾਰੇ ਜਾਂਦੇ ਹਨ। ਆਪਣੇ ਬੱਚਿਆਂ ਦੀ ਮੌਤ ਦੀ ਖ਼ਬਰ ਸੁਣ ਕੇ ਪਲੋਸੇ ਮਾਨਸਿਕ ਸੰਤੁਲਨ ਗਵਾ ਬੈਠਦੀ ਹੈ ਤੇ ਬੇਵਸੀ ਵਿੱਚ ਟਰੱਕ ਥੱਲੇ ਆ ਕੇ ਮਰ ਜਾਂਦੀ ਹੈ। ਅਖ਼ੀਰ ਪਰਵੇਜ਼ ਆਪਣੀ ਕੁੜੀ ਦੇ ਮੁੰਡੇ ਨੂੰ ਨਾਲ ਲੈ ਕੇ ਉਸ ਵਤਨ ਵਲ ਪਰਤਣ ਬਾਰੇ ਸੋਚਦਾ ਹੈ, ਜਿੱਥੋਂ ਉਹ ਇਹ ਸੋਚ ਕੇ ਆਇਆ ਸੀ ਕਿ ਇਸ ਵਤਨ ਨੂੰ ਛੱਡ ਕੇ ਉਸਦੀਆਂ ਸਾਰੀਆਂ ਮੁਸੀਬਤਾਂ ਦਾ ਕਦੇ ਅੰਤ ਹੋ ਜਾਵੇਗਾ।

ਮਨਸ਼ਾ ਯਾਦ ਦੁਆਰਾ ਰਚਿਤ 'ਟਾਵਾਂ ਟਾਵਾਂ ਤਾਰਾ' ਨਾਵਲ ਵਿੱਚ ਪਾਕਿਸਤਾਨੀ ਪੰਜਾਬ ਦੇ ਪੇਂਡੂ ਜੀਵਨ ਦੀਆਂ ਕਈ ਪਰਤਾਂ ਨੂੰ ਪੇਸ਼ ਕੀਤਾ ਗਿਆ ਹੈ। ਖਾਲਿਦ ਇਸ ਨਾਵਲ ਦਾ ਕੇਂਦਰੀ ਪਾਤਰ ਹੈ ਜਿਸ ਦੇ ਆਲੇ ਦੁਆਲੇ ਸਾਰੀਆਂ ਘਟਨਾਵਾਂ ਘਟਦੀਆਂ ਹਨ, ਇੱਕ ਪਾਸੇ ਰਾਠਾਂ, ਚੋਧਰੀਆਂ ਜਾਗੀਰਦਾਰਾਂ ਅਤੇ ਵੱਡੇ ਜ਼ਿਮੀਦਾਰਾਂ ਤੇ ਦੂਜੇ ਪਾਸੇ ਕੰਮੀਆਂ, ਕਿਰਤੀਆਂ ਵਾਹਕਾਂ ਅਤੇ ਘੱਟ ਜ਼ਮੀਨੇ ਕਿਰਸਾਨਾਂ ਵਿਚਕਾਰ ਯੁੱਦ ਦੀ ਝਾਕੀ ਵਿਖਾਈ ਦਿੰਦੀ ਹੈ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਜ਼ਿਆਦਾਤਰ ਪਾਕਿਸਤਾਨੀ ਪੰਜਾਬੀ ਨਾਵਲਾਂ ਦੇ ਵਿਸ਼ੇ 1947 ਦੀ ਦੇਸ਼ ਵੰਡ ਤੋਂ ਪਹਿਲਾਂ ਦੀ ਸਾਝੀ ਰਹਿਤਲ ਨਾਲ ਸੰਬੰਧਿਤ ਹਨ, ਪਰੰਤੂ ਕਿਸੇ ਵੀ ਪਾਕਿਸਤਾਨੀ ਪੰਜਾਬੀ ਨਾਵਲਕਾਰ ਨੇ ਦੇਸ਼ ਵੰਡ ਸਮੇਂ ਹੋਏ ਘੋਰ ਦੁਖਾਂਤ ਨੰ ਆਪਣੇ ਨਾਵਲਾਂ ਵਿੱਚ ਪੇਸ਼ ਨਹੀਂ ਕੀਤਾ। ਪਾਕਿਸਤਾਨੀ ਪੰਜਾਬੀ ਨਾਵਲਾਂ ਵਿੱਚ ਪ੍ਰਤੀਕਵਾਦੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ, ਸ਼ਾਇਦ ਇਸ ਦਾ ਕਾਰਨ ਪਾਕਿਸ਼ਤਾਨ ਦੇ ਰਾਜਸੀ ਹਾਲਾਤ ਹਨ ਪਰੰਤੂ ਇਹਨਾਂ ਨਾਂਵਲਕਾਰਾਂ ਨੇ ਇਸ ਸ਼ੈਲੀ ਨੂੰ ਆਪਣੀਆਂ ਰਚਨਾਵਾਂ ਵਿੱਚ ਬੜੀ ਖੂਬਸੂਰਤੀ ਨਾਲ ਨਿਭਾਇਆ ਹੈ। ਪ੍ਰਤੀਕਾਂ ਚਿੰਨ੍ਹ ਤੇ ਬਿੰਬਾ ਰਾਹੀਂ ਜਾਗੀਰਦਾਰੀ ਸਰਮਾਏਦਾਰੀ ਸਮਾਜ ਦੇ ਪਰਦਾਫ਼ਾਸ ਕੀਤਾ ਹੈ। ਪਾਕਿਸ਼ਤਾਨ ਦੇ ਇਨ੍ਹਾਂ ਨਾਵਲਕਾਰਾਂ ਨੇ ਪੰਜਾਬੀ ਨਾਵਲ ਨੂੰ ਪ੍ਰਯੋਗਸ਼ੀਲਤਾ ਦੇ ਨਵੇਂ ਸੰਦਰਭ ਵੀ ਪ੍ਰਦਾਨ ਕੀਤੇ ਹਨ ਅਤੇ ਪਰੰਪਰਕ ਨਾਵਲ ਦੀ ਵਿਧਾ ਨਾਲ ਵੀ ਆਪਣਾ ਸਰੋਕਾਰ ਜੋੜੀ ਰੱਖਿਆ ਹੈ। ਉਦਾਹਰਨ ਦੇ ਤੌਰ ਤੇ ਜੇ ਫ਼ਖਰ ਜ਼ਮਾਨ ਨੇ ਪੱਛਮੀ ਨਾਵਲ ਦੀ ਪ੍ਰਯੋਗਸ਼ੀਲ ਤਕਨੀਕ ਨੂੰ ਪ੍ਰਦਰਸ਼ਿਤ ਕਰਨ ਦਾ ਯਤਨ ਕੀਤਾ ਹੈ ਤਾਂ ਅਫ਼ਜਲ ਅਹਿਸਨ ਰੰਧਾਵਾ ਵਰਗੇ ਪਰੰਪਰਕ ਵਿਧੀ ਵਾਲੇ ਨਾਵਲਕਾਰ ਵੀ ਮੌਜੂਦ ਹਨ।

## ਹਵਾਲੇ


1. ਹਰਬੰਸ ਸਿੰਘ ਧੀਮਾਨ, ਪਾਕਿਸਤਾਨੀ ਪੰਜਾਬੀ ਸਾਹਿਤ ਦਾ ਨਿਕਾਸ ਤੇ ਵਿਕਾਸ, ਪੰਨਾ 70
2. ਕਰਨੈਲ ਸਿੰਘ ਥਿੰਦ ਡਾ. ਪਾਕਿਸਤਾਨੀ ਪੰਜਾਬੀ ਸਾਹਿਤ ਦਾ ਇੱਕ ਸੰਖੇਪ ਜਾਇਜ਼ਾ, ਪੰਨਾ 62
3. ਫ਼ਖਰ ਜ਼ਮਾਨ, ਇੱਕ ਮਰੇ ਬੰਦੇ ਦੀ ਕਹਾਣੀ, (ਕਰਨੈਲ ਸਿੰਘ ਥਿੰਦ (ਡਾ.) ਮੁੱਢਲੇ ਸ਼ਬਦ)
4. ਉਹੀ, ਬੰਦੀਵਾਨ, (ਕਰਨੈਲ ਸਿੰਘ ਥਿੰਦ (ਡਾ.) ਮੁੱਢਲੀ ਗੱਲ) ਪੰਨਾ 8
5. ਓਮ ਪ੍ਰਕਾਸ਼ ਗਾਸੋ, ਪਾਕਿਸਤਾਨੀ ਪੰਜਾਬੀ ਨਾਵਲ ਦਾ ਭਾਵ ਬੋਧ, ਖੋਂ ਪਤ੍ਰਿਕਾ ਪਾਕਿਸਤਾਨੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ 37, ਮਾਰਚ 1993, ਪੰਨਾ 68